ਸਿਹਤ ਮੰਤਰਾਲਾ | ਸਿੱਖਿਆ ਮੰਤਰਾਲਾ

Ontario

# ਸਕੂਲ ਅਤੇ ਚਾਈਲਡ ਕੇਅਰ ਵਿੱਚ ਵਿਦਿਆਰਥੀਆਂ ਅਤੇ ਬੱਚਿਆਂ ਲਈ ਕੋਵਿਡ-19 ਦੀ ਮੁਢੱਲੀ-ਜਾਂਚ ਲਈ ਸਾਧਨ

ਸੰਸਕਰਣ 3: 5 ਅਕਤੂਬਰ, 2020

**ਸਕੂਲ ਜਾਂ ਚਾਈਲਡ ਕੇਅਰ ਜਾਣ ਤੋਂ ਪਹਿਲਾਂ ਵਿਦਿਆਰਥੀਆਂ ਜਾਂ ਬੱਚਿਆਂ ਦੀ ਹਰ ਰੋਜ਼ ਕੋਵਿਡ-19 ਲਈ ਮੁਢੱਲੀ-ਜਾਂਚ ਕੀਤੀ ਜਾਣੀ ਚਾਹੀਦੀ ਹੈ। ਬੱਚੇ ਦੀ ਤਰਫੋਂ ਮਾਪਿਆਂ/ਸਰਪ੍ਰਸਤਾਂ ਵੱਲੋਂ ਭਰਿਆ ਜਾਵੇ।**

ਮਿਤੀ (ਮਹੀਨਾ-ਦਿਨ-ਸਾਲ)____________________

## ਮੁਢੱਲੀ-ਜਾਂਚ ਲਈ ਸਵਾਲ (ਉਚਿਤ ਕਾਲਮ ਵਿੱਚ “X” ਦਾ ਨਿਸ਼ਾਨ ਲਗਾਓ)

1. **ਕੀ ਬੱਚਾ ਇਸ ਸਮੇਂ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਅਨੁਭਵ ਕਰ ਰਿਹਾ ਹੈ?**
   ਕਿਸੇ/ਸਾਰੇ ਅਜਿਹੇ ਲੱਛਣਾਂ ਨੂੰ ਚੁਣੋ ਜੋ ਨਵੇਂ ਹਨ, ਵਿਗੜ ਰਹੇ ਹਨ, ਅਤੇ ਹੋਰ ਗਿਆਤ ਕਾਰਨਾਂ ਜਾਂ ਡਾਕਟਰੀ ਸਥਿਤੀਆਂ ਨਾਲ ਸੰਬੰਧਿਤ ਨਹੀਂ ਹਨ।

| | | |
|---|---|---|
| **ਬੁਖਾਰ ਅਤੇ/ਜਾਂ ਕੰਬਣੀ**<br>ਤਾਪਮਾਨ 37.8 ਡਿਗਰੀ ਸੈਲਸੀਅਸ/100 ਡਿਗਰੀ ਫਾਰੇਨਹਾਇਟ ਜਾਂ ਇਸ ਤੋਂ ਵੱਧ ਹੈ | ☐ ਹਾਂ | ☐ ਨਹੀਂ |
| **ਖੰਘ ਜਾਂ ਖੰਘੂਰੇ ਵਾਲੀ ਖੰਘ (ਖਰਖਰੀ)**<br>ਨਿਰੰਤਰ, ਆਮ ਨਾਲੋਂ ਜ਼ਿਆਦਾ, ਸਾਹ ਲੈਂਦੇ ਸਮੇਂ ਤੇਜ਼ ਆਵਾਜ਼ ਨਿਕਲਣਾ, ਹੋਰ ਗਿਆਤ ਕਾਰਨਾਂ ਜਾਂ ਸਥਿਤੀਆਂ (ਜਿਵੇਂ, ਦਮਾ, ਲਾਗ ਤੋਂ ਬਾਅਦ ਦੇ ਪ੍ਰਤੀਕ੍ਰਿਆਸ਼ੀਲ ਹਵਾ ਮਾਰਗ) ਨਾਲ ਅਸੰਬੰਧਿਤ | ☐ ਹਾਂ | ☐ ਨਹੀਂ |
| **ਸਾਹ ਲੈਣ ਵਿੱਚ ਮੁਸ਼ਕਲ**<br>ਸਾਹ ਚੜ੍ਹਨਾ, ਡੂੰਘੇ ਸਾਹ ਲੈਣ ਵਿੱਚ ਮੁਸ਼ਕਲ, ਹੋਰ ਗਿਆਤ ਕਾਰਨਾਂ ਜਾਂ ਸਥਿਤੀਆਂ (ਜਿਵੇਂ, ਦਮਾ) ਨਾਲ ਅਸੰਬੰਧਿਤ | ☐ ਹਾਂ | ☐ ਨਹੀਂ |
| **ਸੁੰਘਣ ਸ਼ਕਤੀ ਜਾਂ ਸਵਾਦ ਵਿੱਚ ਕਮੀ ਜਾਂ ਨੁਕਸਾਨ**<br>ਹੋਰ ਗਿਆਤ ਕਾਰਨਾਂ ਜਾਂ ਸਥਿਤੀਆਂ (ਜਿਵੇਂ ਕਿ, ਐਲਰਜੀ, ਤੰਤੂ ਵਿਕਾਰ) ਨਾਲ ਅਸੰਬੰਧਿਤ | ☐ ਹਾਂ | ☐ ਨਹੀਂ |

2. **ਕੀ ਬੱਚਾ ਇਸ ਸਮੇਂ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਅਨੁਭਵ ਕਰ ਰਿਹਾ ਹੈ?**
   ਕਿਸੇ/ਸਾਰੇ ਅਜਿਹੇ ਲੱਛਣਾਂ ਨੂੰ ਚੁਣੋ ਜੋ ਨਵੇਂ ਹਨ, ਵਿਗੜ ਰਹੇ ਹਨ, ਅਤੇ ਹੋਰ ਗਿਆਤ ਕਾਰਨਾਂ ਜਾਂ ਡਾਕਟਰੀ ਸਥਿਤੀਆਂ ਨਾਲ ਸੰਬੰਧਿਤ ਨਹੀਂ ਹਨ।

| | | |
|---|---|---|
| **ਗਲੇ ਵਿੱਚ ਖਰਾਸ਼ ਜਾਂ ਨਿਗਲਣ ਵਿੱਚ ਮੁਸ਼ਕਲ**<br>ਨਿਗਲਣ ਦੌਰਾਨ ਦਰਦ ਹੋਣਾ, ਹੋਰ ਗਿਆਤ ਕਾਰਨਾਂ ਜਾਂ ਡਾਕਟਰੀ ਸਥਿਤੀਆਂ (ਜਿਵੇਂ, ਮੌਸਮੀ ਐਲਰਜੀ, ਐਸਿਡ ਰਿਫਲੈਕਸ) ਨਾਲ ਅਸੰਬੰਧਿਤ | ☐ ਹਾਂ | ☐ ਨਹੀਂ |
| **ਨੱਕ ਵਗਣਾ ਜਾਂ ਬੰਦ ਹੋਣਾ**<br>ਹੋਰ ਗਿਆਤ ਕਾਰਨਾਂ ਜਾਂ ਡਾਕਟਰੀ ਸਥਿਤੀਆਂ (ਜਿਵੇਂ, ਮੌਸਮੀ ਐਲਰਜੀ, ਠੰਡੇ ਮੌਸਮ ਵਿੱਚ ਬਾਹਰ ਰਹਿਣਾ) ਨਾਲ ਅਸੰਬੰਧਿਤ | ☐ ਹਾਂ | ☐ ਨਹੀਂ |
| **ਅਚਾਨਕ ਸਿਰ ਦਰਦ ਹੋਣਾ ਜਾਂ ਲੰਮੇ ਸਮੇਂ ਤੱਕ ਰਹਿਣਾ**<br>ਹੋਰ ਗਿਆਤ ਕਾਰਨਾਂ ਜਾਂ ਡਾਕਟਰੀ ਸਥਿਤੀਆਂ (ਜਿਵੇਂ ਕਿ, ਪਰੇਸ਼ਾਨੀ ਕਰਕੇ ਸਿਰ ਦਰਦ ਹੋਣਾ, ਗੰਭੀਰ ਮਾਈਗਰੇਨ) ਨਾਲ ਅਸੰਬੰਧਿਤ | ☐ ਹਾਂ | ☐ ਨਹੀਂ |
| **ਜੀ ਕੱਚਾ ਹੋਣਾ, ਉਲਟੀਆਂ ਅਤੇ/ਜਾਂ ਦਸਤ**<br>ਹੋਰ ਗਿਆਤ ਕਾਰਨਾਂ ਜਾਂ ਡਾਕਟਰੀ ਸਥਿਤੀਆਂ (ਜਿਵੇਂ, ਉਤੇਜਨਾਸ਼ੀਲ ਮਲ ਸਿੰਡਰੋਮ, ਬੱਚਿਆਂ ਵਿੱਚ ਵਿਅਕੁਲਤਾ, ਮਾਹਵਾਰੀ ਮਰੋੜ) ਨਾਲ ਅਸੰਬੰਧਿਤ | ☐ ਹਾਂ | ☐ ਨਹੀਂ |
| **ਅਚਾਨਕ ਬਹੁਤ ਜ਼ਿਆਦਾ ਥਕਾਵਟ ਹੋਣਾ ਜਾਂ ਮਾਸਪੇਸ਼ੀ ਵਿੱਚ ਦਰਦ ਹੋਣਾ**<br>ਥਕਾਵਟ, ਊਰਜਾ ਦੀ ਘਾਟ, ਬੱਚਿਆਂ ਨੂੰ ਪੂਰੀ ਖੁਰਾਕ ਨਾ ਮਿਲਣਾ, ਹੋਰ ਗਿਆਤ ਕਾਰਨਾਂ ਜਾਂ ਡਾਕਟਰੀ ਸਥਿਤੀਆਂ (ਜਿਵੇਂ, ਡਿਪਰੈਸ਼ਨ, ਇਨਸੌਮਨੀਆ, ਥਾਇਰਾਇਡ ਦਾ ਕੰਮ ਨਾ ਕਰਨਾ, ਅਚਾਨਕ ਸੱਟ ਲੱਗਣਾ) ਨਾਲ ਅਸੰਬੰਧਿਤ | ☐ ਹਾਂ | ☐ ਨਹੀਂ |

3. ਕੀ ਬੱਚਾ ਪਿਛਲੇ 14 ਦਿਨਾਂ ਦੌਰਾਨ ਕਨੇਡਾ ਤੋਂ ਬਾਹਰ ਗਿਆ ਸੀ?
☐ ਹਾਂ ☐ ਨਹੀਂ

4. ਪਿਛਲੇ 14 ਦਿਨਾਂ ਦੌਰਾਨ, ਕੀ ਜਨਤਕ ਸਿਹਤ ਯੂਨਿਟ ਨੇ ਇਹ ਨਿਰਧਾਰਤ ਕੀਤਾ ਹੈ ਕਿ ਬੱਚਾ ਕੋਵਿਡ-19 ਤੋਂ ਪੀੜਤ ਕਿਸੇ ਵਿਅਕਤੀ ਦੇ ਕਰੀਬੀ ਸੰਪਰਕ ਵਿੱਚ ਆਇਆ ਸੀ?
☐ ਹਾਂ ☐ ਨਹੀਂ

5. ਕੀ ਕਿਸੇ ਡਾਕਟਰ, ਸਿਹਤ ਦੇਖਭਾਲ ਪ੍ਰਦਾਤਾ, ਜਾਂ ਜਨਤਕ ਸਿਹਤ ਯੂਨਿਟ ਨੇ ਬੱਚੇ ਨੂੰ/ਤੁਹਾਨੂੰ ਦੱਸਿਆ ਹੈ ਕਿ ਉਸ ਨੂੰ ਇਸ ਸਮੇਂ ਇਕਾਂਤਵਾਸ ਵਿੱਚ ਚਲੇ ਜਾਣਾ (ਘਰ ਰਹਿਣਾ) ਚਾਹੀਦਾ ਹੈ?
☐ ਹਾਂ ☐ ਨਹੀਂ

6. ਪਿਛਲੇ 14 ਦਿਨਾਂ ਦੌਰਾਨ, ਕੀ ਬੱਚੇ ਨੂੰ ਆਪਣੇ ਸੈੱਲ ਫੋਨ 'ਤੇ ਕੋਵਿਡ ਅਲਰਟ ਐਕਸਪੋਜ਼ਰ ਦੀ ਨੋਟੀਫਿਕੇਸ਼ਨ ਮਿਲੀ ਹੈ?
☐ ਹਾਂ ☐ ਨਹੀਂ

## ਮੁਢੱਲੀ-ਜਾਂਚ ਵਾਲੇ ਸਵਾਲਾਂ ਦੇ ਨਤੀਜੇ

! ਜੇ ਤੁਸੀਂ ਸਵਾਲ 1 ਦੇ ਤਹਿਤ ਕਿਸੇ ਵੀ ਲੱਛਣ ਲਈ ਜਵਾਬ "ਹਾਂ" ਵਿੱਚ ਦਿੱਤਾ ਹੈ:
- ਸਕੂਲ/ਚਾਈਲਡ ਕੇਅਰ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਇਸ ਨਤੀਜੇ ਬਾਰੇ ਦੱਸੋ
- ਬੱਚੇ ਨੂੰ ਇਕਾਂਤਵਾਸ ਵਿੱਚ ਚਲੇ ਜਾਣਾ (ਘਰ ਰਹਿਣਾ) ਚਾਹੀਦਾ ਹੈ ਅਤੇ ਟੈਸਟ ਕਰਵਾਉਣ ਜਾਂ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ
- ਬੱਚੇ ਨੂੰ ਕੋਵਿਡ-19 ਲਈ ਟੈਸਟ ਕਰਵਾਉਣ ਦੀ ਲੋੜ ਹੈ ਜਾਂ ਨਹੀਂ, ਸਮੇਤ ਕਿਸੇ ਵੀ ਸਲਾਹ ਜਾਂ ਮੁਲਾਂਕਣ ਲਈ ਕਿਸੇ ਡਾਕਟਰ/ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ
- ਬਿਨਾਂ ਲੱਛਣਾਂ ਵਾਲੇ ਘਰ ਦੇ ਮੈਂਬਰ ਸਕੂਲ/ਚਾਈਲਡ ਕੇਅਰ/ਕੰਮ 'ਤੇ ਜਾ ਸਕਦੇ ਹਨ। ਸਥਾਨਕ ਜੋਖਮ ਦੇ ਅਧਾਰ ਤੇ ਵੱਖਰੇ ਨਿਯਮਾਂ ਬਾਰੇ ਜਾਣਨ ਲਈ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਦੀ ਵੈਬਸਾਈਟ ਚੈੱਕ ਕਰੋ ਜਾਂ ਕਾਲ ਕਰੋ

! ਜੇ ਤੁਸੀਂ ਸਵਾਲ 2 ਦੇ ਤਹਿਤ ਕਿਸੇ ਵੀ ਇੱਕ ਲੱਛਣ ਲਈ ਜਵਾਬ "ਹਾਂ" ਵਿੱਚ ਦਿੱਤਾ ਹੈ:
- ਸਕੂਲ/ਚਾਈਲਡ ਕੇਅਰ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਇਸ ਨਤੀਜੇ ਬਾਰੇ ਦੱਸੋ
- ਬੱਚੇ ਨੂੰ 24 ਘੰਟਿਆਂ ਲਈ ਇਕਾਂਤਵਾਸ ਵਿੱਚ ਚਲੇ ਜਾਣਾ (ਘਰ ਰਹਿਣਾ) ਚਾਹੀਦਾ ਹੈ ਅਤੇ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ
- ਜੇ 24 ਘੰਟਿਆਂ ਬਾਅਦ ਬੱਚੇ ਦੇ ਲੱਛਣ ਵਿੱਚ ਸੁਧਾਰ ਹੋ ਰਿਹਾ ਹੈ, ਤਾਂ ਜਦ ਉਹ ਠੀਕ ਮਹਿਸੂਸ ਕਰੇ ਉਹ ਸਕੂਲ/ਚਾਈਲਡ ਕੇਅਰ ਜਾ ਸਕਦਾ ਹੈ। ਉਸ ਨੂੰ ਟੈਸਟ ਕਰਵਾਉਣ ਦੀ ਲੋੜ ਨਹੀਂ ਹੈ
- ਬਿਨਾਂ ਲੱਛਣਾਂ ਵਾਲੇ ਘਰ ਦੇ ਮੈਂਬਰ ਸਕੂਲ/ਚਾਈਲਡ ਕੇਅਰ/ਕੰਮ 'ਤੇ ਜਾ ਸਕਦੇ ਹਨ। ਸਥਾਨਕ ਜੋਖਮ ਦੇ ਅਧਾਰ ਤੇ ਵੱਖਰੇ ਨਿਯਮਾਂ ਬਾਰੇ ਜਾਣਨ ਲਈ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਦੀ ਵੈਬਸਾਈਟ ਚੈੱਕ ਕਰੋ ਜਾਂ ਕਾਲ ਕਰੋ

! ਜੇ ਤੁਸੀਂ ਸਵਾਲ 2 ਦੇ ਤਹਿਤ ਦੋ ਜਾਂ ਦੋ ਤੋਂ ਵੱਧ ਲੱਛਣਾਂ ਲਈ ਜਵਾਬ "ਹਾਂ" ਵਿੱਚ ਦਿੱਤਾ ਹੈ:
- ਸਕੂਲ/ਚਾਈਲਡ ਕੇਅਰ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਇਸ ਨਤੀਜੇ ਬਾਰੇ ਦੱਸੋ
- ਬੱਚੇ ਨੂੰ ਇਕਾਂਤਵਾਸ ਵਿੱਚ ਚਲੇ ਜਾਣਾ (ਘਰ ਰਹਿਣਾ) ਚਾਹੀਦਾ ਹੈ ਅਤੇ ਟੈਸਟ ਕਰਵਾਉਣ ਜਾਂ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ
- ਤੁਹਾਨੂੰ ਕੋਵਿਡ-19 ਲਈ ਟੈਸਟ ਕਰਵਾਉਣ ਦੀ ਲੋੜ ਹੈ ਜਾਂ ਨਹੀਂ, ਸਮੇਤ ਕਿਸੇ ਵੀ ਸਲਾਹ ਜਾਂ ਮੁਲਾਂਕਣ ਲਈ ਕਿਸੇ ਡਾਕਟਰ/ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ
- ਬਿਨਾਂ ਲੱਛਣਾਂ ਵਾਲੇ ਘਰ ਦੇ ਮੈਂਬਰ ਸਕੂਲ/ਚਾਈਲਡ ਕੇਅਰ/ਕੰਮ 'ਤੇ ਜਾ ਸਕਦੇ ਹਨ। ਸਥਾਨਕ ਜੋਖਮ ਦੇ ਅਧਾਰ ਤੇ ਵੱਖਰੇ ਨਿਯਮਾਂ ਬਾਰੇ ਜਾਣਨ ਲਈ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਦੀ ਵੈਬਸਾਈਟ ਚੈੱਕ ਕਰੋ ਜਾਂ ਕਾਲ ਕਰੋ

! ਜੇ ਤੁਸੀਂ ਸਵਾਲ 3, 4, 5 ਜਾਂ 6 ਲਈ ਜਵਾਬ "ਹਾਂ" ਵਿੱਚ ਦਿੱਤਾ ਹੈ
- ਸਕੂਲ/ਚਾਈਲਡ ਕੇਅਰ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਇਸ ਨਤੀਜੇ ਬਾਰੇ ਦੱਸੋ
- ਬੱਚੇ ਨੂੰ 14 ਦਿਨਾਂ ਲਈ ਇਕਾਂਤਵਾਸ ਵਿੱਚ ਚਲੇ ਜਾਣਾ (ਘਰ ਰਹਿਣਾ) ਚਾਹੀਦਾ ਹੈ ਅਤੇ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ
- ਤੁਹਾਨੂੰ ਕੋਵਿਡ-19 ਲਈ ਟੈਸਟ ਕਰਵਾਉਣ ਦੀ ਲੋੜ ਹੈ ਜਾਂ ਨਹੀਂ, ਸਮੇਤ ਅਤੇ ਕਿਸੇ ਵੀ ਸਲਾਹ ਜਾਂ ਮੁਲਾਂਕਣ ਲਈ ਕਿਸੇ ਡਾਕਟਰ/ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ

✔ ਜੇ ਤੁਸੀਂ ਸਾਰੇ ਸਵਾਲਾਂ ਦਾ ਜਵਾਬ "ਨਹੀਂ" ਵਿੱਚ ਦਿੱਤਾ ਹੈ, ਤਾਂ ਤੁਹਾਡਾ ਬੱਚਾ ਸਕੂਲ/ਚਾਈਲਡ ਕੇਅਰ ਜਾ ਸਕਦਾ ਹੈ.

### ਜਨਤਕ ਸਿਹਤ ਓਂਟਾਰੀਓ - ਸੰਪਰਕ ਟਰੇਸਿੰਗ

**ਇਨ੍ਹਾਂ ਸਵਾਲਾਂ ਦਾ ਜਵਾਬ ਦੇਣਾ ਤੁਹਾਡੀ ਮਰਜ਼ੀ 'ਤੇ ਨਿਰਭਰ ਕਰਦਾ ਹੈ।** ਇਸ ਜਾਣਕਾਰੀ ਦੀ ਵਰਤੋਂ ਜਨਤਕ ਸਿਹਤ ਅਧਿਕਾਰੀਆਂ ਵੱਲੋਂ ਸੰਪਰਕ ਟਰੇਸਿੰਗ ਲਈ ਕੀਤੀ ਜਾਵੇਗੀ। ਸਾਰੀ ਜਾਣਕਾਰੀ ਨੂੰ 28 ਦਿਨਾਂ ਵਿੱਚ ਮਿਟਾ ਦਿੱਤਾ ਜਾਵੇਗਾ।

ਮਿਤੀ:____________________

ਨਾਮ:____________________

ਫੋਨ ਜਾਂ ਈਮੇਲ:____________________